# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ


**ਵੈਨਕੂਵਰ ਇਕਾਈ, ਕਨੇਡਾ**

ਕੁਲਦੀਪ ਸਿੰਘ +1 604 339 7117


**ਹਵਾਲਾ: ਵਣ:੦੨** **੨੦ ਅਕਤੂਬਰ, ੨੦੧੯**

ਸੇਵਾ ਵਿਖੇ

ਪ੍ਰਧਾਨ, email: sharomaniakalidal@gmail.com

ਸ਼੍ਰੋਮਣੀ ਅਕਾਲੀ ਦਲ (ਬਾਦਲ),

ਪੰਜਾਬ।

**ਬੇਨਤੀ**: ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੇ ਨਾਨਕਬਾਣੀ (ਪੰਜਾਬੀ) ਦੇ ਸਰਕਾਰੋਂ ਖੁੱਸੇ ਸਤਿਕਾਰ ਨੂੰ ਮੁੜ ਬਹਾਲ ਕਰਨ ਲਈ

ਅਤੇ

551ਵੇਂ ਪ੍ਰਕਾਸ਼ ਵਰ੍ਹੇ ਨੂੰ ਨਿਰੋਲ 'ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ' ਵਰ੍ਹੇ ਦੇ ਤੌਰ ਤੇ ਮਨਾਏ ਜਾਣ ਲਈ **ਬੇਨਤੀ**।

ਸਤਿਕਾਰਯੋਗ ਪ੍ਰਧਾਨ ਜੀ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਸਾਹਿਬ ਦੇ ਸਿਧਾਂਤਾਂ (ਸਿੱਖਿਆਵਾਂ) ਨੂੰ ਗੰਭੀਰਤਾ ਨਾਲ ਪ੍ਰਚਾਰਿਆ ਜਾ ਰਿਹਾ ਹੈ। ਇਨ੍ਹਾਂ ਵੱਡੇ ਕਾਰਜਾਂ ਲਈ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਵਧਾਈ ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਗੁਰੂ ਸਾਹਿਬ ਦਾ ਇੱਕ ਪਵਿੱਤਰ ਵਾਕ, 'ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ', ਜਿਸ ਰਾਹੀਂ ਗੁਰੂ ਸਾਹਿਬ ਨੇ ਉਸ ਸਮੇਂ ਦੀ ਲੋਕਾਈ ਨੂੰ ਆਪਣੀ ਮਾਂ ਬੋਲੀ ਨੂੰ ਵਿਸਾਰ ਦੇਣ ਤੇ ਨਿਹੋਰਾ ਮਾਰਿਆ ਸੀ ਅਤੇ ਆਪਣੀ ਮਾਂ-ਬੋਲੀ (ਪੰਜਾਬੀ) ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਸੀ, ਆਪ ਜੀ ਦੇ ਧਿਆਨ ਵਿਚ ਲਿਆ ਕੇ, ਹੇਠ ਲਿਖੀ ਬੇਨਤੀ ਕਰਦਾ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਨਾਨਕਬਾਣੀ ਸਰਕਾਰ, ਵਪਾਰ, ਸਿੱਖਿਆ, ਪਰਿਵਾਰ ਅਤੇ ਸੱਭਿਆਚਾਰ ਵਿਚੋਂ ਅਲੋਪ ਹੁੰਦੀ ਜਾ ਰਹੀ ਹੈ। ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਧੜੱਲੇ ਨਾਲ ਪੰਜਾਬੀ ਦੀ ਥਾਂ ਲੈ ਰਹੀਆਂ ਹਨ। ਇਹ ਵਿਸ਼ਵ ਭਰ ਦੇ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹੈ।

ਭਾਈਚਾਰਾ ਸਮਝਦਾ ਹੈ ਕਿ ਪੰਜਾਬੀ ਨੂੰ ਲੱਗ ਰਹੇ ਇਸ ਖੋਰੇ ਦਾ ਵੱਡਾ ਕਾਰਨ, (ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਵਾਲੇ, 52 ਸਾਲ ਪਹਿਲਾਂ ਬਣੇ ਪੰਜਾਬ ਰਾਜ ਭਾਸ਼ਾ ਐਕਟ 1967 ਦੇ ਬਾਵਜੂਦ), ਸਮੇਂ-ਸਮੇਂ ਦੀਆਂ




**PUNJABI BHASHA PASAAR BHAICHARA**

ਸੰਪਰਕ/Contact : **imkuldip@yahoo.com** **www.punjabibpb.org**

ਇਕਾਈ ਸੰਪਰਕ : **10531 #2 Rd Richmond BC V7E2E5**

ਸਰਕਾਰਾਂ ਦੇ ਨਾਲ-ਨਾਲ ਸਿੱਖਾਂ ਦੀ ਪ੍ਰਤੀਨਿਧਤਾ ਕਰਦੀਆਂ ਸੰਸਥਾਵਾਂ ਵੱਲੋਂ ਪੰਜਾਬੀ ਦੇ ਵਿਕਾਸ ਲਈ ਆਪਣੀ ਜ਼ਿੰਮੇਵਾਰੀ ਨਾ ਨਿਭਾਉਣਾ, ਉਲਟਾ ਬੇਰੁਖ਼ੀ ਅਪਣਾਉਣਾ ਹੈ।

**ਬੇਰੁਖ਼ੀ ਦੀਆਂ ਕੁਝ ਉਦਾਹਰਣਾਂ:**

**ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਦੀ ਅਣਦੇਖੀ ਅਤੇ ਇਸਦੇ ਮਾਰੂ ਪ੍ਰਭਾਵ**

(1). ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾਂ ਅਤੇ ਅਦਾਰਿਆਂ ਵਿਚ ਹੁੰਦਾ 'ਸਾਰਾ ਦਫ਼ਤਰੀ ਕੰਮ-ਕਾਜ' ਪੰਜਾਬੀ ਵਿਚ ਕਰਨਾ ਜ਼ਰੂਰੀ ਹੈ। ਹੋ ਇਸ ਦੇ ਉਲਟ ਰਿਹਾ ਹੈ। ਬਹੁਤਾ ਕੰਮ-ਕਾਜ ਕੇਵਲ ਅੰਗਰੇਜ਼ੀ ਵਿਚ ਹੁੰਦਾ ਹੈ। ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ, ਜਨਤਾ ਨੂੰ ਆਪਣੇ-ਆਪਣੇ ਵਿਭਾਗ ਦੇ ਕੰਮ-ਕਾਜ ਦੀ ਸੂਚਨਾ ਦੇਣ ਲਈ ਜੋ ਵੈਬਸਾਈਟਾਂ ਬਣਾਈਆਂ ਗਈਆਂ ਹਨ ਉਨ੍ਹਾਂ ਵਿਚੋਂ ਬਹੁਤੀਆਂ ਕੇਵਲ ਅੰਗਰੇਜ਼ੀ ਵਿਚ ਹਨ। ਮਜਬੂਰੀ ਵੱਸ ਜੇ ਕਿਸੇ ਵੈਬਸਾਈਟ ਤੇ ਪੰਜਾਬੀ ਵਰਤੀ ਗਈ ਹੈ ਤਾਂ ਉਹ ਅਸ਼ੁੱਧ ਹੈ।

(2). ਪੰਜਾਬ ਵਿਧਾਨ ਸਭਾ ਵਿਚ ਬਣਦੇ 90 ਫ਼ੀਸਦੀ ਤੋਂ ਵੱਧ ਕਾਨੂੰਨ, ਕੇਵਲ ਅੰਗਰੇਜ਼ੀ ਵਿਚ ਹੁੰਦੇ ਹਨ। ਇਨ੍ਹਾਂ ਕਾਨੂੰਨਾਂ ਦੇ ਪੰਜਾਬੀ ਵਿਚ ਅਨੁਵਾਦ ਤੱਕ ਉਪਲਬਧ ਨਹੀਂ ਕਰਵਾਏ ਜਾਂਦੇ। ਇਸੇ ਤਰ੍ਹਾਂ ਸਰਕਾਰ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਅਧਿਸੂਚਨਾਵਾਂ, 95 ਫ਼ੀਸਦੀ ਦੇ ਲਗਭਗ ਕੇਵਲ ਅੰਗਰੇਜ਼ੀ ਵਿਚ ਹੁੰਦੀਆਂ ਹਨ।

(3). ਕਾਨੂੰਨ ਬਣੇ ਨੂੰ 10 ਸਾਲ ਹੋ ਗਏ ਹਨ ਪਰ ਹਾਲੇ ਤੱਕ ਪੰਜਾਬ ਦੇ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਇਨਸਾਫ਼ ਪ੍ਰਾਪਤ ਨਹੀਂ ਹੋਣ ਲਗਿਆ।

ਇੰਝ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਦੇ ਲਾਗੂ ਨਾ ਹੋਣ ਕਾਰਨ, **ਪੰਜਾਬੀ ਪੰਜਾਬ ਸਰਕਾਰ ਦੇ ਤਿੰਨੋਂ ਅੰਗਾਂ (ਕਾਰਜਕਾਰਨੀ, ਵਿਧਾਨ ਸਭਾ ਅਤੇ ਨਿਆਂ ਪਾਲਿਕਾ) ਵਿਚੋਂ ਅਲੋਪ ਹੋ ਰਹੀ ਹੈ।**

**'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008' ਦੀਆਂ ਵਿਵਸਥਾਵਾਂ ਦੀ ਅਣਦੇਖੀ ਅਤੇ ਇਸਦੇ ਮਾਰੂ ਪ੍ਰਭਾਵ**

'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008' ਰਾਹੀਂ, ਪੰਜਾਬ ਵਿਚ ਸਥਿਤ ਸਾਰੇ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਏ ਜਾਣ ਦੀ ਵਿਵਸਥਾ ਕੀਤੀ ਗਈ ਸੀ। ਇਸ ਕਾਨੂੰਨ ਦੇ ਅਸਰਦਾਰ ਢੰਗ ਨਾਲ ਲਾਗੂ ਨਾ ਕੀਤੇ ਜਾਣ ਕਾਰਨ, ਬਹੁਤੇ ਪ੍ਰਾਈਵੇਟ (ਇੱਥੋਂ ਤੱਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਚਲਾਏ ਜਾਂਦੇ ਸਕੂਲਾਂ ਸਮੇਤ) ਸਕੂਲਾਂ ਵਿਚ ਪੰਜਾਬੀ ਪੜ੍ਹਾਈ ਹੀ ਨਹੀਂ ਜਾਂਦੀ। ਲਗਭਗ ਹਰ ਪ੍ਰਾਈਵੇਟ ਸਕੂਲ ਵਿਚ, ਪੰਜਾਬੀ ਵਿਚ ਗੱਲਬਾਤ ਕਰਨ ਤੇ ਬੱਚਿਆਂ ਨੂੰ ਜੁਰਮਾਨੇ ਕੀਤੇ ਜਾਂਦੇ ਹਨ। ਜਿੱਥੇ ਮਾੜੀ-ਮੋਟੀ ਪੰਜਾਬੀ ਪੜ੍ਹਾਈ ਜਾਂਦੀ ਹੈ ਉੱਥੇ (ਪੰਜਾਬੀ ਭਾਸ਼ਾ ਲਈ ਉੱਚ ਪੱਧਰ ਦੇ ਸਿਲੇਬਸ ਦੇ ਨਿਰਧਾਰਤ ਨਾ ਹੋਣ ਕਾਰਨ) ਪੜ੍ਹਾਈ ਜਾਂਦੀ ਪੰਜਾਬੀ ਦਾ ਪੱਧਰ ਬਹੁਤ ਨੀਵਾਂ ਹੈ।

**ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੇ ਹੋ ਰਹੇ ਇਸ ਨਿਰਾਦਰ ਕਾਰਨ ਹੀ ਪੰਜਾਬ ਦੀ ਨੌਜਵਾਨ ਪੀੜ੍ਹੀ ਅਤੇ ਪਰਿਵਾਰਾਂ ਦਾ ਪੰਜਾਬੀ ਨਾਲੋਂ ਮੋਹ ਭੰਗ ਹੋ ਰਿਹਾ ਹੈ ਅਤੇ ਉਨ੍ਹਾਂ ਦਾ ਝੁਕਾਅ ਹਿੰਦੀ ਅਤੇ ਅੰਗਰੇਜ਼ੀ ਵੱਲ ਹੋ ਰਿਹਾ ਹੈ।**

**ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੀ ਚਿੰਤਾ**

ਪੰਜਾਬੀ ਦੇ ਪੰਜਾਬ ਵਿਚ ਤੇਜ਼ੀ ਨਾਲ ਹੋ ਰਹੇ ਇਸ ਉਜਾੜੇ ਤੋਂ ਚਿੰਤਤ, ਪਿਛਲੇ ਇੱਕ ਸਾਲ ਤੋਂ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨਾਲ ਚਿੱਠੀ-ਪੱਤਰ ਕਰਕੇ, ਵਿਭਾਗਾਂ ਵੱਲੋਂ

'ਪੰਜਾਬ ਰਾਜ ਭਾਸ਼ਾ ਐਕਟ' ਦੀਆਂ ਵਿਵਸਥਾਵਾਂ ਦੀ ਵੱਡੇ ਪੱਧਰ ਤੇ ਕੀਤੀ ਜਾ ਰਹੀ ਅਣਦੇਖੀ, ਵਿਭਾਗਾਂ ਦੇ ਮੁੱਖੀਆਂ ਦੇ ਧਿਆਨ ਵਿਚ ਲਿਆ ਰਿਹਾ ਹੈ। **ਇਹ ਅਣਦੇਖੀਆਂ ਮੁੱਖ ਮੰਤਰੀ ਪੰਜਾਬ ਜੀ ਦੇ ਧਿਆਨ ਵਿਚ ਵੀ ਲਿਆਂਦੀਆਂ ਜਾ ਰਹੀਆਂ ਹਨ।**

ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ 'ਪੰਜਾਬ ਰਾਜ ਭਾਸ਼ਾ ਐਕਟ 1967' ਅਤੇ 'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008' ਦੀਆਂ ਧੜੱਲੇਦਾਰੀ ਨਾਲ ਕੀਤੀਆਂ ਜਾ ਰਹੀਆਂ ਉਲੰਘਣਾਵਾਂ ਬਾਰੇ, ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਜੋ ਚਿੱਠੀ ਪੱਤਰ, ਵਿਭਾਗਾਂ ਦੇ ਮੁੱਖੀਆਂ ਅਤੇ ਮੁੱਖ ਮੰਤਰੀ ਜੀ ਨਾਲ ਕੀਤਾ ਗਿਆ ਹੈ, ਉਹ ਚਿੱਠੀਆਂ ਅਤੇ ਚਿੱਠੀਆਂ ਵਿਚ ਉਠਾਈਆਂ ਗਈਆਂ ਸਮੱਸਿਆਵਾਂ ਦਾ ਵੇਰਵਾ, ਹਵਾਲੇ ਲਈ ਇਸ ਪੱਤਰ ਨਾਲ ਨੱਥੀ ਕੀਤਾ ਜਾ ਰਿਹਾ ਹੈ। ਲੋੜ ਪੈਣ ਤੇ, ਭਾਈਚਾਰਾ ਇਨ੍ਹਾਂ ਚਿੱਠੀਆਂ ਦੀਆਂ ਨਕਲਾਂ ਵੀ ਆਪ ਜੀ ਨੂੰ ਉਪਲਬਧ ਕਰਵਾ ਸਕਦਾ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਪੰਜਾਬ ਸਰਕਾਰ ਦਾ ਇਸ ਗੱਲੋਂ ਧੰਨਵਾਦੀ ਵੀ ਹੈ ਕਿ ਭਾਈਚਾਰੇ ਦੀਆਂ ਕੁਝ ਬੇਨਤੀਆਂ ਨੂੰ ਪ੍ਰਵਾਨ ਕਰਕੇ, ਸਰਕਾਰ ਵੱਲੋਂ ਪੰਜਾਬੀ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਜਾਰੀ ਕੀਤੀਆਂ ਗਈਆਂ ਕੁਝ ਨਵੀਆਂ ਹਦਾਇਤਾਂ ਤੇ, ਕੁਝ ਵਿਭਾਗ ਫੁੱਲ ਚੜ੍ਹਾ ਰਹੇ ਹਨ ਅਤੇ ਪੰਜਾਬੀ ਨੂੰ ਬਣਦਾ ਸਤਿਕਾਰ ਦੇਣ ਦੇ ਯਤਨ ਕਰ ਰਹੇ ਹਨ । ਖ਼ਾਸ ਕਰ ਸਿੱਖਿਆ ਵਿਭਾਗ, ਜਿਸ ਵਲੋਂ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਨੂੰ ਯਕੀਨੀ ਬਨਾਉਣ ਲਈ ਸਖ਼ਤ ਕਦਮ ਪੁੱਟੇ ਜਾ ਰਹੇ ਹਨ।

**ਭਾਈਚਾਰੇ ਦੀ ਬੇਨਤੀ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਇਸ ਪ੍ਰਕਾਸ਼ ਵਰ੍ਹੇ ਵਿਚ, ਉਨ੍ਹਾਂ ਦੇ ਪੈਰੋਕਾਰਾਂ (ਪੰਜਾਬੀਆਂ) ਦੇ ਕੰਨਾਂ ਵਿਚ, ਗੁਰੂ ਸਾਹਿਬ ਵੱਲੋਂ ਉਨ੍ਹਾਂ ਨੂੰ ਆਪਣੀ ਮਾਂ ਬੋਲੀ ਨੂੰ ਅਣਡਿੱਠਾ ਕਰਨ ਬਾਰੇ ਦਿੱਤਾ ਉਲਾਂਭਾ, ਉੱਚੀ ਸੁਰ ਵਿਚ ਗੂੰਜਣ ਲੱਗ ਪਿਆ ਹੈ। ਹੁਣ ਦੁਨੀਆ ਭਰ ਵਿਚ ਬੈਠਾ ਹਰ ਪੰਜਾਬੀ ਆਪਣੀ ਮਾਂ ਬੋਲੀ ਦੇ ਵਿਕਾਸ ਅਤੇ ਪਸਾਰ ਲਈ ਤੱਤਪਰ ਹੋਇਆ ਹੋਇਆ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ, ਪੰਜਾਬ ਦੇ ਸਮੁੱਚੇ ਪੰਜਾਬੀਆਂ ਅਤੇ ਖ਼ਾਸ ਕਰ ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਹੋਈ ਸੰਸਥਾ ਦੇ ਮੁੱਖੀ ਹੋਣ ਦੇ ਨਾਤੇ, ਆਪ ਜੀ ਨੂੰ ਬੇਨਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਗੁਰੂ ਸਾਹਿਬ ਦੇ ਇਸ ਫ਼ਰਮਾਨ (ਨਿਹੋਰੇ) ਵੱਲ ਵਿਸ਼ੇਸ਼ ਧਿਆਨ ਦੇਵੇ। ਪੰਜਾਬੀ ਪ੍ਰਤੀ ਆਪਣੇ ਫ਼ਰਜ਼ ਨੂੰ ਪਹਿਚਾਣੇ। ਹੋਈਆਂ ਭੁੱਲਾਂ ਤੋਂ ਸਿੱਖਦੇ ਹੋਏ, ਨਾਨਕਬਾਣੀ ਦੇ ਵਿਕਾਸ ਲਈ, ਨਵੇਂ ਸਿਰੇ ਤੋਂ ਸਿਰਤੋੜ ਯਤਨ ਆਰੰਭੇ।

**ਸੁਝਾਏ ਕੁਝ ਯਤਨ**

1. ਗੁਰੂ ਸਾਹਿਬ ਦੇ 551ਵੇਂ ਪ੍ਰਕਾਸ਼ ਵਰ੍ਹੇ ਨੂੰ ਨਿਰੋਲ 'ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ' ਵਰ੍ਹੇ ਦੇ ਤੌਰ ਤੇ ਮਨਾਇਆ ਜਾਵੇ ਤਾਂ ਜੋ ਵਿਸ਼ਵ ਭਰ ਦੇ ਪੰਜਾਬੀ ਆਪਣਾ ਧਿਆਨ ਕੇਵਲ ਨਾਨਕਬਾਣੀ ਦੇ ਵਿਕਾਸ ਤੇ ਹੀ ਕੇਂਦਰਿਤ ਕਰ ਸਕਣ ਅਤੇ ਇਸ ਦੇ ਵਿਕਾਸ ਵਿਚ ਬਣਦਾ ਯੋਗਦਾਨ ਪਾ ਸਕਣ।
2. ਪੰਜਾਬੀ ਭਾਸ਼ਾ ਦੇ ਸਰਕਾਰ, ਵਪਾਰ, ਰੁਜ਼ਗਾਰ, ਸਿੱਖਿਆ, ਪਰਿਵਾਰ ਅਤੇ ਸੱਭਿਆਚਾਰ ਵਿਚੋਂ ਅਲੋਪ ਹੋਣ ਦੇ ਯਥਾਰਥਕ (ਰਵਾਇਤੀ ਦੀ ਥਾਂ) ਕਾਰਨਾਂ ਨੂੰ ਖੋਜਣ, ਨਾਨਕਬਾਣੀ ਨੂੰ ਦਰਪੇਸ਼ ਸਮੱਸਿਆਵਾਂ ਦੇ ਸਾਰਥਕ ਹੱਲ ਲੱਭਣ ਲਈ ਅਤੇ ਪੰਜਾਬੀ ਨੂੰ ਵਿਸ਼ਵ ਪੱਧਰ ਦੀ ਭਾਸ਼ਾ ਦੇ ਤੌਰ ਤੇ ਵਿਕਸਿਤ ਕਰਨ ਲਈ, ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ਵ ਪੱਧਰ ਦੇ ਭਾਸ਼ਾ ਵਿਗਿਆਨੀਆਂ/ਵਿਦਵਾਨਾਂ/ਤਕਨੀਕੀ ਮਾਹਿਰਾਂ ਨਾਲ ਸਲਾਹ-

ਮਸ਼ਵਰਾ ਕੀਤਾ ਜਾਵੇ। ਪ੍ਰਾਪਤ ਸਿੱਟਿਆਂ ਨੂੰ ਵਿਸ਼ੇਸ਼ ਸੈਮੀਨਾਰਾਂ ਆਦਿ ਰਾਹੀਂ ਲੋਕਾਈ ਤੱਕ ਪਹੁੰਚਾਇਆ ਜਾਵੇ।

3. ਨਾਲ ਹੀ ਗੱਲਬਾਤ, ਚਿੱਠੀ ਪੱਤਰ ਅਤੇ ਹੋਰ ਹਰ ਤਰ੍ਹਾਂ ਦਾ ਹੀਲਾ ਵਰਤ ਕੇ, ਪੰਜਾਬ ਸਰਕਾਰ ਤੇ 'ਪੰਜਾਬ ਰਾਜ ਭਾਸ਼ਾ ਐਕਟ 1967' ਅਤੇ 'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008' ਦੀਆਂ ਵਿਵਸਥਾਵਾਂ ਨੂੰ ਇੰਨ-ਬਿੰਨ ਲਾਗੂ ਕਰਾਂਉਣ ਲਈ ਦਬਾਅ ਬਣਾਇਆ ਜਾਵੇ।

ਅਜਿਹੇ ਯਤਨ ਕਰਨ ਤੇ ਹੀ ਮਰਨ ਕਿਨਾਰੇ ਪਹੁੰਚੀ ਮਾਂ ਬੋਲੀ ਪੰਜਾਬੀ ਮੁੜ ਨਿਰੋਈ ਹੋ ਸਕੇਗੀ ਅਤੇ ਉਸ ਨੂੰ ਸਰਕਾਰੇ ਦਰਬਾਰੇ ਬਣਦਾ ਸਤਿਕਾਰ ਪ੍ਰਾਪਤ ਹੋ ਸਕੇਗਾ।

ਉਸਾਰੂ ਹੁੰਘਾਰੇ ਦੀ ਉਡੀਕ ਵਿਚ।

ਪ੍ਰਾਰਥੀ

| | | |
|---|---|---|
| (ਮੋਤਾ ਸਿੰਘ ਝੀਤਾ)<br>ਕਨੇਡਾ | (ਕ੍ਰਿਪਾਲ ਸਿੰਘ ਗਰਚਾ)<br>ਕਨੇਡਾ | (ਕੁਲਦੀਪ ਸਿੰਘ)<br>ਕਨੇਡਾ |
| (ਸਤਨਾਮ ਸਿੰਘ ਜੌਹਲ)<br>ਕਨੇਡਾ | (ਦਵਿੰਦਰ ਸਿੰਘ ਘਟੌੜਾ)<br>ਕਨੇਡਾ | (ਮਿੱਤਰ ਸੈਨ ਮੀਤ)<br>ਪੰਜਾਬ |